## ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ), ਬਠਿੰਡਾ।

ਸੇਵਾ ਵਿਖੇ

ਪ੍ਰਿੰਸੀਪਲ/ਹੈੱਡਮਾਸਟਰ,
ਜ਼ਿਲ੍ਹਾ ਬਠਿੰਡਾ

ਪੱਤਰ ਨੰ: ਜੀ-5/1()/2024/1258 ਮਿਤੀ:ਬਠਿੰਡਾ 09-01-2024

**ਵਿਸ਼ਾ- NSP (National Scholarship Portal) ਤੇ ਪ੍ਰੀ ਮੈਟ੍ਰਿਕ ਫਾਰ ਐਸ.ਸੀ 2023-24 ਲਈ ਅਪਲਾਈ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਵੇਂ ਕਿ ਆਪ ਨੂੰ ਪਤਾ ਹੈ ਕਿ ਆਪ ਵੱਲੋਂ NSP (National Scholarship Portal) ਤੇ ਪ੍ਰੀ ਮੈਟ੍ਰਿਕ ਫਾਰ ਐਸ.ਸੀ 2023-24 ਲਈ ਅਪਲਾਈ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਅੱਜ ਮਿਤੀ 08-01-2024 ਨੂੰ DGSE ਸਾਹਿਬ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਸਮੂਹ ਸਕੂਲ ਮੁੱਖੀਆਂ ਨੂੰ ਨਿਮਨ ਹਸਤਾਖਰੀ ਰਾਹੀਂ ਸਖਤ ਹਦਾਇਤ ਕਰਨ ਲਈ ਕਿਹਾ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਸਰਕਾਰੀ ਸਕੂਲ ਦੇ 9ਵੀਂ ਅਤੇ 10ਵੀਂ ਕਲਾਸ ਦੇ ਜ਼ਿੰਨੇ ਵੀ ਐਸ.ਸੀ ਯੋਗ ਵਿਦਿਆਰਥੀ ਹਨ ਉਹਨਾਂ ਨੂੰ ਸੰਬਧਤ ਪੋਰਟਲ ਤੇ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ DGSE ਸਾਹਿਬ ਨੇ ਮਿਤੀ 12-01-2024 ਤੱਕ ਦਾ ਸਮਾਂ ਦਿੱਤਾ ਹੈ ਤਾਂ ਕਿ ਕੋਈ ਵੀ ਐਸ.ਸੀ ਵਿਦਿਆਰਥੀ ਵਜੀਫੇ ਲਈ ਵਾਂਝਾ ਨਾ ਰਹਿ ਸਕੇ।

ਸੋ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਸਕੂਲ ਦੇ ਜਿਨ੍ਹੇ ਵੀ ਐਸ.ਸੀ ਵਿਦਿਆਰਥੀ ਵਜੀਫੇ ਲਈ ਯੋਗ ਹਨ ਉਹਨਾਂ ਨੂੰ ਸਮੇਂ ਸਿਰ ਅਪਲਾਈ ਕਰਵਾਇਆ ਜਾਵੇ ਅਤੇ ਜੇਕਰ ਕੋਈ ਵੀ ਐਸ.ਸੀ ਵਿਦਿਆਰਥੀ ਅਪਲਾਈ ਹੋਣ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਜਿੰਮੇਵਾਰ ਅਧਿਕਾਰੀ ਅਤੇ ਕਰਮਚਾਰੀ ਵਿਰੁੱਧ ਵਿਭਾਗ ਵੱਲੋਂ ਕੀਤੀ ਜਾਣ ਵਾਲੀ ਵਿਭਾਗੀ ਕਾਰਵਾਈ ਲਈ ਸਬੰਧਤ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ।

ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ),
ਬਠਿੰਡਾ।

9/1/24

Scanned with OKEN Scanner